੦੨੮

ਗੁਰੂ ਦੀ ਲੋੜ

(ਲੇਖਕ: ਸੋਹਣ ਸਿੰਘ ਸੀਤਲ)

ਦੂਸਰੇ ਗੁਰੂ ਸਾਹਿਬਾਨ ਦੀ ਬਾਣੀ ਵਿੱਚ "ਗੁਰੂ" ਸ਼ਬਦ ਕਿਤੇ ਈਸ਼ਵਰ ਦੇ ਅਰਥਾਂ ਵਿੱਚ ਆਉਂਦਾ ਹੈ ਤੇ ਕਿਤੇ ਆਪਣੇ ਗੁਰੂ ਗੁਰੂ ਨਾਨਕ ਦੇਵ ਜੀ ਵਾਸਤੇ, ਜਿਵੇਂ:

– ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥ (੭੫੦)

ਏਥੇ ਗੁਰੂ ਅਰਜਨ ਦੇਵ ਜੀ "ਸਤਿਗੁਰੂ" ਸ਼ਬਦ ਗੁਰੂ ਨਾਨਕ ਦੇਵ ਜੀ ਵਾਸਤੇ ਵਰਤਦੇ ਹਨ। ਜਗਿਆਸੂ ਨੂੰ ਦੋਹਾਂ ਅਰਥਾਂ ਵਿੱਚ ਗੁਰੂ ਦੀ ਲੋੜ ਹੈ, ਪਹਿਲਾਂ ਦਸ ਗੁਰੂ ਸਾਹਿਬਾਨ ਤੇ ਦਸਾਂ ਗੁਰੂਆਂ ਦਾ ਸਰੂਪ ਗੁਰਬਾਣੀ (ਆਦਿ ਗੁਰੂ ਗ੍ਰੰਥ ਸਾਹਿਬ) ਤੇ ਫਿਰ **'ਅਪਰੰਪਰ ਪਾਰਬ੍ਰਹਮੁ ਪਰਮੇਸਰ'**। ਗੁਰੂ ਦੀ ਲੋੜ ਕਿਉਂ ਹੈ? ਇਸ ਬਾਰੇ ਗੁਰੂ ਅੰਗਦ ਦੇਵ ਜੀ ਫੁਰਮਾਉਂਦੇ ਹਨ:

– ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥ (੧੨੩੭)

ਗੁਰੂ ਅਮਰਦਾਸ ਜੀ ਦੇ ਮਨ ਤੇ ਪਹਿਲੀ ਉਮਰ ਵਿੱਚ ਬੜੀ ਭਾਰੀ ਠੋਕਰ ਲੱਗੀ ਸੀ, ਜਦੋਂ ਉਹ ਅਜੇ ਗੁਰੂ ਵਾਲੇ ਨਹੀਂ ਬਣੇ ਸਨ। ਓਹਾ ਪ੍ਰਭਾਵ ਉਨ੍ਹਾਂ ਦੀ ਬਾਣੀ ਵਿੱਚ ਮਿਲਦੇ ਹਨ:

– ਨਿਗੁਰੇ ਕਉ ਗਤਿ ਕਾਈ ਨਾਹੀ॥ ਅਵਗਣਿ ਮੁਠੇ ਚੋਟਾ ਖਾਹੀ॥ (੩੬੧)

ਗੁਰੂ ਦੀ ਲੋੜ ਬਾਰੇ ਗੁਰਦੇਵ ਫੁਰਮਾਉਂਦੇ ਹਨ:

– ਗੁਰੁ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ॥ ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ॥ (੧੭)

– ਗੁਰ ਬਿਨੁ ਕਿਉ ਤਰੀਐ ਸੁਖੁ ਹੋਇ॥ ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ॥ (੨੦)

– ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ॥ (੪੩੫)

ਏਥੇ 'ਸਤਿਗੁਰ' ਸ਼ਬਦ ਈਸ਼ਵਰ ਵਾਸਤੇ ਆਇਆ ਹੈ। ਅਸਲੀ ਗੁਰੂ ਤਾਂ ਓਹੀ ਹੈ, ਜਿਸਨੂੰ ਗੁਰੂ ਨਾਨਕ ਦੇਵ ਜੀ ਵੀ 'ਗੁਰੂ' ਮੰਨਦੇ ਹਨ। ਗੁਰੂ ਬਿਨਾਂ 'ਹਉਮੈ' ਦਾ ਰੋਗ ਮਿਟਦਾ ਨਹੀਂ।

– ਬਿਨੁ ਗੁਰ ਰੋਗੁ ਨ ਤੁਟਈ ਹਉਮੈ ਪੀੜ ਨ ਜਾਇ॥ (੩੬)

ਅਤੇ ਨਾ ਹੀ ਗੁਰੂ ਬਿਨਾਂ ਮੁਕਤੀ ਮਿਲਦੀ ਹੈ।

– ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ॥ (੬੭)

– ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ॥ (੨੩੦)

ਮੁਕਤੀ ਦਾ ਵੱਡਾ ਸਾਧਨ ਹੈ ਭਗਤੀ। ਪਰ ਭਗਤੀ ਵੀ ਗੁਰੂ ਬਿਨਾਂ ਨਹੀਂ ਹੋ ਸਕਦੀ।

– ਭਾਈ ਰੇ ਗੁਰ ਬਿਨੁ ਭਗਤਿ ਨ ਹੋਇ॥ ਬਿਨੁ ਗੁਰ ਭਗਤਿ ਨ ਪਾਈਐ ਜੇ ਲੋਚੈ ਸਭੁ ਕੋਇ॥ (੩੧)

ਸਤਿਗੁਰ ਦੇ ਮਿਲਾਪ ਦਾ ਲਾਭ ਕੀ ਹੈ?

- ਸਤਿਗੁਰ ਭੇਟੇ ਕੀ ਵਡਿਆਈ॥ ਜਿਨਿ ਮਮਤਾ ਅਗਨਿ ਤ੍ਰਿਸਨਾ ਬੁਝਾਈ॥ ਸਹਜੇ ਮਾਤਾ ਹਰਿ ਗੁਣ ਗਾਈ॥ (੪੨੩)

ਸਤਿਗੁਰੂ ਅੰਮ੍ਰਿਤ ਦਾ ਸਰੋਵਰ ਹੈ।

- ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ॥ (੧੧੩)

ਏਥੇ ਸ਼ਬਦ 'ਸਤਿਗੁਰ' ਈਸ਼ਵਰ ਵਾਸਤੇ ਵੀ ਹੈ ਅਤੇ ਗੁਰੂ ਵਾਸਤੇ ਵੀ। ਅਸਲੀ ਗੁਰੂ ਉਹੋ ਹੈ, ਜਿਸ ਵਿੱਚ ਈਸ਼ਵਰ ਵਾਲੇ ਸ਼ੁਭ ਗੁਣ ਹੋਣ। ਗੁਰੂ ਦਾ ਸੁਭਾਅ ਕੀ ਹੈ?

- ਅਵਗੁਣ ਕਾਟਿ ਗੁਣ ਰਿਦੈ ਸਮਾਇ॥ ਪੂਰੇ ਗੁਰ ਕੈ ਸਹਜਿ ਸੁਭਾਇ॥ (੬੬੩)

- ਸਤਿਗੁਰ ਪੁਰਖੁ ਨਿਰਵੈਰੁ ਹੈ ਨਿਤ ਹਿਰਦੈ ਹਰਿ ਲਿਵ ਲਾਇ॥ (੧੪੧੫)

ਸਿਰਫ਼ ਸਤਿਗੁਰ ਦੇ ਦਰਸ਼ਨ ਕਰਨ ਨਾਲ ਹੀ ਕਲਿਆਣ ਨਹੀਂ ਹੁੰਦੀ, ਸਗੋਂ ਗੁਰੂ ਦੀ ਬਾਣੀ ਉਤੇ ਵਿਚਾਰ ਕਰਨ ਦੀ ਲੋੜ ਹੈ।

- ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥ (੫੯੪)

ਗੁਰੂ ਦਾ ਸ਼ਬਦ ਹੀ ਸੱਚਾ ਅੰਮ੍ਰਿਤ ਹੈ।

- ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ॥ (੩੫)

ਇੱਕ ਥਾਂ ਹਜ਼ੂਰ 'ਸ਼ਬਦ' ਨੂੰ ਹੀ ਗੁਰੂ ਕਹਿੰਦੇ ਹਨ।

- ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ ਹਰਿ ਸਿਉ ਰਹਿਆ ਸਮਾਈ॥ (੬੦੧)

ਗੁਰੂ ਪ੍ਰਾਪਤ ਕਿਵੇਂ ਹੋਵੇ?

- ਨਾਨਕ ਸਤਿਗੁਰੁ ਤਦ ਹੀ ਪਾਏ ਜਾਂ ਵਿਚਹੁ ਆਪੁ ਗਵਾਏ॥ (੫੫੦)

ਗੁਰੂ ਮਿਲ ਪਿਆ, ਤਾਂ ਸਿੱਖ ਵੀ ਗੁਰੂ ਰੂਪ ਹੋ ਗਿਆ।

- ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ॥ ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ॥ (੪੯੦)

ਜੋਤਿ ਵਿੱਚ ਜੋਤਿ ਮਿਲ ਕੇ ਸਿੱਖ ਅਤੇ ਗੁਰੂ ਇੱਕ ਰੂਪ ਹੋ ਜਾਂਦੇ ਹਨ।

- ਸੋ ਗੁਰੂ ਸੋ ਸਿਖੁ ਹੈ ਭਾਈ ਜਿਸੁ ਜੋਤੀ ਜੋਤਿ ਮਿਲਾਇ॥ (੬੦੨)

ਜਿੰਨ੍ਹਾਂ ਸੱਚਾ ਗੁਰੂ ਪਾ ਲਿਆ ਹੈ, ਹਜ਼ੂਰ ਸ਼ਰਧਾ ਨਾਲ ਉਨ੍ਹਾਂ ਦੀ ਚਰਨ ਧੂੜ ਮੰਗਦੇ ਹਨ।

- ਜਨ ਨਾਨਕੁ ਮੰਗੈ ਧੂੜਿ ਤਿਨ ਜਿਨ ਸਤਿਗੁਰੁ ਪਾਇਆ॥ (੧੬੩)

ਗੁਰੂ ਰਾਮਦਾਸ ਜੀ ਵੀ ਨਿਰੰਕਾਰ ਨੂੰ ਹੀ ਅਸਲੀ ਗੁਰੂ ਮੰਨਦੇ ਹਨ।

– ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥
ਗੁਰ ਗੋਵਿੰਦੁ ਗੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥ (੪੪੨)

ਗੁਰੂ ਅਰਜਨ ਦੇਵ ਜੀ ਵੀ ਸਰਬ ਸ਼ਕਤੀਮਾਨ ਨਿਰੰਕਾਰ ਨੂੰ ਹੀ ਅਸਲੀ ਗੁਰੂ ਮੰਨਦੇ ਹਨ।

– ਆਦਿ ਮਧਿ ਅੰਤਿ ਪ੍ਰਭੁ ਸੋਈ ਸੁੰਦਰ ਗੁਰ ਗੋਪਾਲਾ॥ (੪੫੪)

– ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥ (੫੩)

ਪ੍ਰਮਾਤਮਾ ਤੋਂ ਥੱਲੇ ਸਿੱਖੀ ਵਿੱਚ ਗੁਰੂ ਦਾ ਅਸਥਾਨ ਹੈ। ਰਾਹ ਵਿੱਚ ਦੇਵੀ ਦੇਵਤਾ ਕੋਈ ਨਹੀਂ। ਗੁਰੂ ਸ਼ਬਦ ਦੋ ਅਰਥਾਂ ਵਿੱਚ ਆਉਂਦਾ ਹੈ। ਦੋਹਾਂ ਅਰਥਾਂ ਦੇ ਵੱਖ-ਵੱਖ ਪ੍ਰਮਾਣ ਮਿਲਦੇ ਹਨ। ਪੰਜਵੇਂ ਪਾਤਸ਼ਾਹ ਫ਼ੁਰਮਾਉਂਦੇ ਹਨ:

– ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥ (੭੫੦)

ਏਥੇ 'ਸਤਿਗੁਰ' ਸ਼ਬਦ ਗੁਰੂ ਨਾਨਕ ਦੇਵ ਜੀ ਵਾਸਤੇ ਆਇਆ ਹੈ, ਤੇ ਪੰਜਵੇਂ ਪਾਤਸ਼ਾਹ ਨੇ ਗੁਰੂ ਨਾਨਕ ਨੂੰ 'ਸਭ ਤੋਂ ਵੱਡਾ' ਕਿਹਾ ਹੈ। ਇੱਕ ਥਾਂ ਆਪ "ਗੁਰੂ" ਦੇ ਗੁਣ ਬਿਆਨ ਕਰਦੇ ਹਨ:

– ਹਉ ਬਲਿਹਾਰੀ ਸਤਿਗੁਰ ਪੂਰੇ॥ ਸਰਣਿ ਕੇ ਦਾਤੇ ਬਚਨ ਕੇ ਸੂਰੇ॥ (੧੦੭੩)

ਹਜ਼ੂਰ ਨੇ ਗੁਰੂ ਨਾਨਕ ਦੇਵ ਜੀ ਨੂੰ ਪਰਮੇਸ਼ਰ ਨਹੀਂ ਕਿਹਾ, ਪਰ ਪਰਮੇਸ਼ਰ ਵਾਸਤੇ ਸ਼ਬਦ "ਗੁਰੂ" ਕਈ ਥਾਂਈਂ ਵਰਤਿਆ ਹੈ। ਗੁਰੂ ਅਰਜਨ ਦੇਵ ਜੀ ਸਪੱਸ਼ਟ ਕਰਦੇ ਹਨ, ਕਿ 'ਗੁਰੂ' ਤੇ 'ਪ੍ਰਮਾਤਮਾ' ਦੋ ਵੱਖ ਵੱਖ ਹਸਤੀਆਂ ਹਨ।

– ਐਸਾ ਗੁਰੁ ਵਡਭਾਗੀ ਪਾਈਐ ਜਿਤੁ ਮਿਲਿਐ ਪ੍ਰਭੁ ਜਾਪੈ ਰਾਮ॥ (੭੮੦)

ਹੇ ਭਾਈ! ਐਸਾ ਗੁਰੂ ਵੱਡਿਆਂ ਭਾਗਾਂ ਨਾਲ ਮਿਲਦਾ ਹੈ, ਜਿਸ ਦੇ ਮਿਲਿਆਂ ਪ੍ਰਭੂ ਦੀ ਸਮਝ ਪੈ ਜਾਂਦੀ ਹੈ। ਚੌਥੇ ਪਾਤਸ਼ਾਹ ਫ਼ੁਰਮਾਉਂਦੇ ਹਨ:

– ਹਉ ਸਤਿਗੁਰ ਵਿਟਹੁ ਵਾਰਿਆ ਜਿਨਿ ਹਰਿ ਪ੍ਰਭੁ ਦੀਆ ਦਿਖਾਇ॥ (੪੧)

ਭਾਵ ਸਾਫ਼ ਹੈ, "ਗੁਰੂ" ਤੇ "ਪ੍ਰਮਾਤਮਾ" ਦੋ ਵੱਖ ਹਸਤੀਆਂ ਹਨ। ਇੱਕ ਥਾਂ ਆਪ ਹੋਰ ਲਿਖਦੇ ਹਨ:

– ਹਉ ਕੁਰਬਾਨੀ ਗੁਰ ਆਪਣੇ ਜਿਨਿ ਵਿਛੁੜਿਆ ਮੇਲਿਆ ਮੇਰਾ ਸਿਰਜਨਹਾਰਾ॥ (੧੬੭)

ਪੰਜਵੇਂ ਪਾਤਸ਼ਾਹ ਉਸਨੂੰ ਸਭ ਫ਼ਲਾਂ ਦਾ ਦਾਤਾ ਮੰਨਦੇ ਹਨ।

– ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ॥ (੫੨)

ਇੱਥੇ ਸ਼ਬਦ "ਗੁਰੂ" ਗੁਰੂ ਨਾਨਕ ਜਾਂ ਗੁਰਬਾਣੀ ਵਾਸਤੇ ਆਇਆ ਹੈ। ਹੇਠਾਂ ਗੁਰੂ ਸ਼ਬਦ ਪ੍ਰਮਾਤਮਾ ਵਾਸਤੇ ਆਉਂਦਾ ਹੈ ਜਾਂ ਪ੍ਰਮਾਤਮਾ ਨੂੰ ਹੀ "ਗੁਰੂ" ਮੰਨਿਆ ਹੈ।

– ਗੁਰੁ ਪਰਮੇਸਰੁ ਏਕੋ ਜਾਣੁ॥ ਜੋ ਤਿਸੁ ਭਾਵੈ ਸੋ ਪਰਵਾਣੁ॥ (੮੬੪)

ਇੱਕ ਪ੍ਰਮੇਸ਼ਰ ਨੂੰ ਹੀ ਗੁਰੂ ਜਾਣੋ। ਪ੍ਰਮੇਸ਼ਰ ਹੀ ਅਸਲੀ ਗੁਰੂ ਹੈ। ਜੋ ਉਸਨੂੰ ਚੰਗਾ ਲੱਗੇ (ਚੰਗੇ ਲੱਗਣ ਵਾਲੇ ਕਰਮ ਕਰੋ), ਓਹਾ ਪ੍ਰਵਾਣ ਹੈ।

– ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ॥ ਆਠ ਪਹਰ ਨਾਨਕ ਗੁਰ ਜਾਪਿ॥ (੩੮੭)

ਕਈ ਥਾਂਵਾਂ ਤੇ ਸ਼ਬਦ ''ਗੁਰੂ'' ਦੋਹਾਂ ਅਰਥਾਂ ਵਿੱਚ ਆਉਂਦਾ ਹੈ।

– ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥ (੫੨੨)

– ਗੁਰੁ ਨਾਨਕੁ ਨਾਨਕੁ ਹਰਿ ਸੋਇ॥ (੮੬੪)

– ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ ਨਾਰਾਇਣਹ॥
ਗੁਰ ਦਇਆਲ ਸਮਰਥ ਗੁਰ ਗੁਰ ਨਾਨਕ ਪਤਿਤ ਉਧਾਰਣਹ॥ (੭੧੦)

ਗੁਰੂ ਦੀ ਵਡਿਆਈ ਇਹ ਹੈ ਕਿ ਉਹ ਈਸ਼ਵਰ ਨੂੰ ਹਰ ਥਾਂ ਅੱਖੀਂ ਵਿਖਾ ਦੇਂਦਾ ਹੈ।

– ਗੁਰਹਿ ਦਿਖਾਇਓ ਲੋਇਨਾ॥ਰਹਾਉ॥
ਈਤਹਿ ਊਤਹਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥ (੪੦੭)

ਹਜ਼ੂਰ ਆਪਣਾ ਵਿਸ਼ਵਾਸ ਪ੍ਰਗਟ ਕਰਦੇ ਹੋਏ ਫੁਰਮਾਉਂਦੇ ਹਨ, ਕਿ (ਉਪਰਲੇ ਦੋਹਾਂ ਅਰਥਾਂ ਵਾਲਾ) ਗੁਰੂ ਹਰ ਵੇਲੇ ਮੇਰੇ ਅੰਗ ਸੰਗ ਹੈ।

– ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ॥ (੩੯੪)